# ਨਮੂਨਾ ਪ੍ਰਸ਼ਨ-ਪੱਤਰ ਜੁਲਾਈ ਟੈਸਟ (2020)

**ਜਮਾਤ ਦਸਵੀਂ** **ਪੇਪਰ ਪੰਜਾਬੀ (ਬੀ)** **ਕੁੱਲ ਅੰਕ 20**

**(ਭਾਗ-ੳ)**

**1.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਓ (ਸਾਰੇ ਪ੍ਰਸ਼ਨ ਜ਼ਰੂਰੀ ਹਨ) **(8X1= 8)**

**1.** ਕਿਸੇ ਭਾਸ਼ਾ ਵਿੱਚ ਕੰਮ ਕਰਦੇ ਨਿਯਮਾਂ ਨੂੰ ਸਮਝਣ ਵਾਲੀ ਪੜ੍ਹਾਈ ਨੂੰ ਕੀ ਕਹਿੰਦੇ ਹਨ **?**

**(**ੳ) ਕਿਰਿਆ (ਅ) ਪੜਨਾਂਵ (ੲ) ਨਾਂਵ (ਸ) ਵਿਆਕਰਨ

**2.** ਵਿਆਕਰਨ ਦੇ ਮੁੱਖ ਭਾਗ ਕਿੰਨੇ ਹਨ **?**

**(**ੳ) ਦੋ (ਅ) ਚਾਰ (ੲ) ਛੇ (ਸ) ਅੱਠ

**3.** ਵਿਆਕਰਨ ਦੇ ਜਿਸ ਭਾਗ ਅਧੀਨ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ,ਉਸ ਨੂੰ ਕੀ ਕਹਿੰਦੇ ਹਨ **?**

**(**ੳ) ਵਾਕ-ਬੋਧ (ਅ) ਪੜਨਾਂਵ (ੲ) ਧੁਨੀ-ਬੋਧ (ਸ) ਸ਼ਬਦ-ਬੋਧ

**4.** ਲਿੰਗ ਸ਼ਬਦ ਕਿੰਨੇ ਪ੍ਰਕਾਰ ਦੇ ਹੁੰਦੇ ਹਨ **?**

**(**ੳ) ਦੋ (ਅ) ਤਿੰਨ (ੲ) ਚਾਰ (ਸ) ਪੰਜ

**5.** 'ਤਿੱਤਰ' ਸ਼ਬਦ ਦਾ ਲਿੰਗ ਬਦਲੋ।

**(**ੳ) ਤਿੱਤਰਾਂ (ਅ) ਤਿੱਤਰੀ (ੲ) ਤਿੱਤਰੀਆਂ (ਸ) ਤਿੱਤਰੇ

**6.** ਵਚਨ ਕਿੰਨੇ ਪ੍ਰਕਾਰ ਦੇ ਹੁੰਦੇ ਹਨ **?**

**(**ੳ) ਦੋ (ਅ) ਤਿੰਨ (ੲ) ਚਾਰ (ਸ) ਪੰਜ

**7.** 'ਘੋੜਾ' ਸ਼ਬਦ ਦਾ ਵਚਨ ਬਦਲੋ।

**(**ੳ) ਘੋੜੀ (ਅ) ਘੋੜੀਆਂ (ੲ) ਘੋੜੇ (ਸ) ਖੋਤਾ

**8.** ਵਿਆਕਰਨ ਦੇ ਜਿਸ ਭਾਗ ਅਧੀਨ ਸ਼ਬਦਾਂ ਦਾ ਅਧਿਐਨ ਕੀਤਾ ਜਾਂਦਾ ਹੈ,ਉਸ ਨੂੰ ਕੀ ਕਹਿੰਦੇ ਹਨ **?**

**(**ੳ) ਵਾਕ-ਬੋਧ (ਅ) ਪੜਨਾਂਵ (ੲ) ਧੁਨੀ-ਬੋਧ (ਸ) ਸ਼ਬਦ-ਬੋਧ

**(ਭਾਗ-ਅ)**

**2.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ (ਕੋਈ ਚਾਰ ਪ੍ਰਸ਼ਨ ਕਰੋ) **(4X2= 8)**

**1.** ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ,ਉਹਨਾਂ ਦੇ ਨਾਂ ਲਿਖੋ **?**

**2.** ਵਿਆਕਰਨ ਕਿਸ ਨੂੰ ਕਹਿੰਦੇ ਹਨ **?**

**3.** ਵਿਆਕਰਨ ਦੀ ਪੜ੍ਹਾਈ ਕਿਉਂ ਜ਼ਰੂਰੀ ਹੈ **?**

**4.** ਚਿੱਟਾ ਘੋੜਾ ਦੌੜਦਾ ਹੈ।' ਇਸ ਵਾਕ ਦਾ ਲਿੰਗ ਬਦਲੋ।

**5** 'ਕੁੜੀ ਪੀਂਘ ਝੂਟ ਰਹੀ ਹੈ।' ਇਸ ਵਾਕ ਦਾ ਵਚਨ ਬਦਲੋ।

**6.** 'ਉਸਤਾਦੀ ਕਰਨਾ' ਮੁਹਾਵਰੇ ਦਾ ਵਾਕ ਬਣਾਓ,ਜਿਸ ਨਾਲ ਉਸ ਦਾ ਅਰਥ ਸਪਸ਼ਟ ਹੋ ਜਾਵੇ।

**(ਭਾਗ-ੲ)**

**3.** ਹੇਠ ਲਿਖਿਆ ਵਿੱਚੋਂ ਕੋਈ ਇੱਕ ਕਰੋ: **(1X4= 4)**

ਜਿਸ ਸਰੀਰ ਨੇ ਕਦੇ ਖੇਚਲ, ਮਿਹਨਤ ਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ,ਉਸ ਵਿੱਚ ਬਰਕਤ ਤੇ ਰੌਣਕ ਕਿਵੇਂ ਆ ਸਕਦੀ ਹੈ। ਜਿਸ ਬਿਰਛ ਨੂੰ ਨਾ ਫੁੱਲ ਹੈ ਤਾਂ ਫਲ ਹੈ ਨਾ ਉਸ ਦੀ ਠੰਢੀ ਛਾਉ ਹੈ, ਆਮ ਕਰਕੇ ਉਹ ਬਾਲਣ ਬਣਾ ਕੇ ਚੁੱਲ੍ਹੇ ਵਿੱਚ ਫੂਕ ਦਿੱਤਾ ਜਾਂਦਾ ਹੈ। ਮਨੁੱਖੀ ਸਰੀਰ ਕਾਰ ਲਈ ਬਣਿਆ ਹੈ। ਕਾਰ ਨਾ ਕਰਨਾ ਸਰੀਰ ਦੇ ਗੁਣ ਨੂੰ ਅਕਾਰਥ ਗੁਆਉਣਾ ਹੈ। ਕੌਣ ਮੁੱਕਰ ਸਕਦਾ ਹੈ ਏਸ ਗੱਲੋਂ ਕਿ ਜਿਹੜਾ ਸਰੀਰ ਮੁਸ਼ੱਕਤ ਵਿੱਚ ਨਹੀਂ ਪੈਂਦਾ,ਕਦੇ ਅਰੋਗ ਨਹੀਂ ਰਹਿ ਸਕਦਾ।ਇੱਕ ਪਾਸੇ ਲੋਕ ਹੱਥੀਂ ਕੰਮ ਕਰਨ ਤੋਂ ਭੱਜਦੇ ਹਨ, ਪਰ ਫੇਰ ਸਰੀਰ ਨੂੰ ਠੀਕ ਰੱਖਣ ਲਈ ਕਸਰਤ ਕਰਦੇ ਹਨ-- ਕਸਰਤ,ਜੋ ਕਿ ਇੱਕ ਵਿਹਲਾ ਕੰਮ ਹੈ,ਇਸ ਤਰ੍ਹਾਂ ਦਾ ਮੀਸਣਾ ਪਣ ਹੈ, ਜ਼ੋਰ ਤੇ ਸਮਾਂ ,ਜਿਸ ਨਾਲ ਦੌਲਤ ਰਚੀ ਜਾ ਸਕਦੀ ਹੈ, ਉਸ ਨੂੰ ਦੂਜਿਆ ਲਈ ਵਰਤਣ ਦੀ ਥਾਂ ਖ਼ਾਸ ਆਪਣੇ ਬਣਾਉਟੀ ਸਵਾਰਥ ਲਈ ਵਰਤਿਆ ਜਾਂਦਾ ਹੈ।ਸਰੀਰ ਜੋ ਕਾਰ ਨਹੀਂ ਕਰਦਾ, ਕੁਦਰਤ ਤੋਂ ਉੱਕਾ ਵਿਰੁੱਧ ਹੈ ਕਿਉਂਕਿ ਕਾਰ ਹੀ ਸਰੀਰ ਦੇ ਸਾਰੇ ਅੰਗਾਂ ਨੂੰ ਚੰਗੀ ਤਰ੍ਹਾਂ ਕੁਦਰਤੀ ਹਿਲ-ਜੁਲ ਵਿੱਚ ਪਾ ਕੇ ਅਰੋਗ,ਸੁੰਦਰ ਤੇ ਸੁਡੌਲ ਰੱਖ ਸਕਦਾ ਹੈ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-

**(**ੳ) ਕਿਹੜੇ ਸਰੀਰ ਵਿੱਚ ਬਰਕਤ ਤੇ ਰੌਣਕ ਨਹੀਂ ਹੁੰਦੀ **?**

**(**ਅ) ਸਰੀਰ ਦੇ ਗੁਣ ਨੂੰ ਅਕਾਰਥ ਕਿਵੇਂ ਗਵਾਇਆ ਜਾਂਦਾ ਹੈ **?**

**(**ੲ) ਮੁਸ਼ੱਕਤ ਨਾ ਕਰਨ ਵਾਲੇ ਦੇ ਸਰੀਰ 'ਤੇ ਕੀ ਪ੍ਰਭਾਵ ਪੈਂਦਾ ਹੈ **?**

**(**ਸ) ਸਰੀਰ ਦੇ ਸਾਰੇ ਅੰਗ ਅਰੋਗ, ਸੁੰਦਰ ਤੇ ਸੁਡੌਲ ਕਿਵੇਂ ਰੱਖੇ ਜਾ ਸਕਦੇ ਹਨ **?**

ਜਾਂ

ਮਿੱਤਰ ਦੇ ਭੈਣ/ਭਰਾ ਦੇ ਵਿਆਹ 'ਤੇ ਨਾ ਸ਼ਾਮਲ ਹੋਣ ਸੰਬੰਧੀ ਪੱਤਰ ਲਿਖੋ।